ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, 6ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ ਨਗਰ (ਮੁਹਾਲੀ)
ਫੋਨ ਨੰ: 0172-2212221, ਫੈਕਸ ਨੰ: 0172-2212793

ਵੱਲ,

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।

ਮੀਮੋ ਨੰ: ਸ.ਸ.ਸ./2018/2174 ਮਿਤੀ: 16-02-2018

ਵਿਸ਼ਾ:- ਸਮੂਹ ਸਕੂਲ ਮੁੱਖੀਆਂ (ਹਾਈ ਤੇ ਸੀਨੀ. ਸੈਕੰਡਰੀ) ਦੀ ਐਜੂਸੈਟ ਰਾਹੀਂ ਮੀਟਿੰਗ ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਵੱਲੋਂ ਐਜੂਸੈਟ ਰਾਹੀਂ ਮਿਤੀ 21.02.2018 ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਸਮੂਹ ਸਕੂਲ ਮੁਖੀਆਂ (ਹਾਈ ਤੇ ਸੀਨੀ. ਸੈਕੰ.) ਦੀ ਮੀਟਿੰਗ ਕੀਤੀ ਜਾਣੀ ਹੈ।

3.0 ਮੀਟਿੰਗ ਦੇ ਅਜੰਡੇ (i) 10ਵੀਂ/12ਵੀਂ ਦੀਆਂ ਸਲਾਨਾ ਪ੍ਰੀਖਿਆਵਾਂ ਦਾ ਸੁਚਾਰੂ ਸੰਚਾਲਣ, (ii) ਸਕੂਲ ਗ੍ਰੇਡਿੰਗ, (iii) ਪੜ੍ਹੋ ਪੰਜਾਬ ਪੜ੍ਹਾਓ ਪੰਜਾਬ (iv) ਜਨਰਲ ਹਦਾਇਤਾਂ ਹੋਣਗੇ।।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ (ਹਾਈ/ਸੀਨੀ. ਸੈਕੰ.) ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਸ ਮੀਟਿੰਗ ਵਿੱਚ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਉਣ।

5.0 ਕਿਸੇ ਵੀ ਸਕੂਲ ਮੁੱਖੀ ਦੀ ਇਸ ਦਿਨ ਦੀ ਛੁੱਟੀ ਮਨਜੂਰ ਨਾ ਕੀਤੀ ਜਾਵੇ, ਕੇਵਲ ਬਹੁਤ ਹੀ ਜਰੂਰੀ/ਨਾ ਟਾਲਣਯੋਗ ਹਾਲਤਾਂ ਵਿੱਚ ਹੀ ਛੁੱਟੀ ਮਨਜੂਰ ਕੀਤੀ ਜਾਵੇ। ਅਜਿਹੀ ਹਾਲਤ ਵਿੱਚ ਸਕੂਲ ਦਾ ਸੀਨੀਅਰ ਮੋਸਟ ਅਧਿਆਪਕ ਇਹ ਮੀਟਿੰਗ ਅਟੈਂਡ ਕਰੇਗਾ।

6.0 ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਆਰ.ਓ.ਟੀ. ਚਾਲੂ ਹਾਲਤ ਵਿੱਚ ਰੱਖੀਆਂ ਜਾਣ, ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲ ਮੁੱਖੀ ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਹੀਂ ਇਹ ਮੀਟਿੰਗ ਅਟੈਂਡ ਕਰਨਗੇ।

7.0 ਮੀਟਿੰਗ ਤੋਂ ਬਾਅਦ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਇਹ ਸੂਚਨਾ ਭੇਜਣਾ ਯਕੀਨੀ ਬਣਾਉਣਗੇ ਕਿ ਕਿੰਨੇ ਸਕੂਲ ਮੁੱਖੀਆਂ ਨੇ ਇਹ ਮੀਟਿੰਗ ਅਟੈਂਡ ਕੀਤੀ।

ਡਾਇਰੈਕਟਰ
ਐਸ.ਸੀ.ਈ.ਆਰ.ਟੀ

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਉਤਾਰਾ ਸਮੂਹ ਸਕੂਲ ਮੁੱਖੀ (ਹਾਈ/ਸੀਨੀ. ਸੈਕੰ.) ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਐਸ.ਸੀ.ਈ.ਆਰ.ਟੀ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ

ਪਿੱਠ ਅੰਕਣ ਨੰ. ਸ.ਸ./ਮੀਟਿੰਗ/2018/1209 ਮਿਤੀ 16.02.2018

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਪਾਲਣ ਦੇ ਹਿੱਤ ਭੇਜਿਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਮਿਤੀ ਨੂੰ ਐਜੂਸੈਟ ਮੀਟਿੰਗ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ।

Scanned by CamScanner